ਵਾਹਿਗੁਰੂ ਜੀ ਕੀ ਫਤਹਿ

# INSTITUTE OF SIKH STUDIES (REGD)

GURDWARA SINGH SABHA, KANTHALA, IA, PHASE II, TRIBUNE CHOWK, CHANDIGARH - 160002
Phone: +91 172 2642580, 2642581
Email: iosschd@gmail.com; Web: www.sikhinstitute.org

S Gurdev Singh, IAS (retd)
Patron
+91 172 2600410

Dr Kirpal Singh, Prof Emer
Chairman
Sikh History Project
+91 9316005061

EXECUTIVE COMMITTEE

Dr Birendra Kaur
President
+91 9888901024

Bhai Ashok Singh
Vice-President
+91 9814095308

S Sadhu Singh
Secretary
+91 9878019793

S Ishwinder Singh
Jt Secretary
+91 9815164749

S Gurpreet Singh
Treasurer
+91 9815193839

Bibi Baljit Kaur
Member
+91 9872923851

Lt Gen Kartar Singh PVSM
Member
+91 9814499969

Ref:IOSS/2014/Dec/6

ਦਸੰਬਰ 19, 2014

## ਪ੍ਰੈਸ ਨੋਟ

ਜਿੱਥੋਂ ਤੱਕ ਨਾਨਕਸ਼ਾਹੀ ਕੈਲੰਡਰ ਦਾ ਸਬੰਧ ਹੈ ਇੰਸਟੀਚਿਊਟ ਵਲੋਂ ਹਮੇਸ਼ਾਂ ਮੰਗ ਕੀਤੀ ਗਈ ਹੈ ਕਿ ਸਾਲ 2003 ਵਾਲੇ ਐਸ ਜੀ ਪੀ ਸੀ ਵਲੋਂ ਪਰਵਾਨਿਤ ਨਾਨਕਸ਼ਾਹੀ ਕੈਲੰਡਰ ਵਿੱਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ ਵੱਡੇ ਪੱਧਰ ਤੇ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਅਜਿਹੇ ਵਿਚਾਰ ਵਟਾਂਦਰੇ ਦੀ ਅਣਹੋਂਦ ਕਾਰਨ ਸਿੱਖ ਮਨਾਂ ਵਿੱਚ ਤਸੱਲੀ ਨਹੀਂ ਹੋ ਸਕੇਗੀ ਅਤੇ ਉਪਰਾਮਤਾ ਵੱਧੇਗੀ । ਸ੍ਰੀ ਅਕਾਲ ਤਖਤ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਸਿੱਖ ਕੌਮ ਨੂੰ ਇਸ ਬਾਰੇ ਪੂਰਨ ਗਿਆਨ ਹੋਵੇ ਤਾਂ ਜੋ ਆਪਸੀ ਏਕਤਾ ਬਣੀ ਰਹੇ । ਜੇਕਰ ਇਸ ਮਸਲੇ ਬਾਰੇ ਵਿਚਾਰਾਂ ਦਾ ਭਰਪੂਰ ਆਦਾਨ ਪਰਦਾਨ ਹੋ ਜਾਵੇ ਤਾਂ ਫਿਰ ਨਤੀਜੇ ਵਜੋਂ ਕੀਤੇ ਫੈਸਲੇ ਨੂੰ ਸਭ ਦੀ ਪਰਵਾਨਗੀ ਮਿਲ ਜਾਵੇਗੀ ।

ਆਜ਼ਾਦੀ ਉਪਰੰਤ ਕਈ ਦਹਾਕਿਆਂ ਤੋਂ ਗੌਰਮਿੰਟ ਕੋਲੋ ਸਿੱਖਾਂ ਦੀ ਆਜ਼ਾਦ ਹਸਤੀ ਤੇ ਨਵੇਕਲੀ ਹੋਂਦ ਦੀ ਮੰਗ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਇਸ ਦੀ ਕੋਈ ਸੁਣਵਾਈ ਨਹੀਂ ਹੋਈ । ਇਸ ਲਈ ਕੌਮ ਦੀ ਵੱਡੀ ਬਦ-ਕਿਸਮਤੀ ਹੈ ਕਿ ਅਸੀਂ ਆਪਣੇ ਆਪ ਨੂੰ ਉਸ ਅਵਸਰ ਤੋਂ ਵਾਂਝਿਆ ਰੱਖ ਰਹੇ ਹਾਂ ਜਿਸ ਰਾਹੀਂ ਆਪਣੀ ਨਿਵੇਕਲੀ ਪਹਿਚਾਣ ਨੂੰ ਗੁਰਮਤੀ ਰੰਗ ਵਿੱਚ ਰੰਗ ਸਕਦੇ ਹਾਂ ।

ਸਾਨੂੰ ਜਹਾਲਤ, ਵਹਿਮਾਂ, ਭਰਮਾਂ ਤੋਂ ਛੁਟਕਾਰਾ ਦਿਵਾਣ ਲਈ ਗੁਰੂ ਸਾਹਿਬਾਨ ਨੇ ਆਪਣਾ ਸਭ ਕੁਝ ਵਾਰ ਦਿੱਤਾ ਪਰ ਅਸੀਂ ਉਨ੍ਹਾਂ ਦੇ ਆਸ਼ੇ ਤੇ ਪੂਰੇ ਨਹੀਂ ਉਤਰੇ ।

ਨਾਨਕਸ਼ਾਹੀ ਕੈਲੰਡਰ ਬਾਰੇ ਇਸ ਦੇ 'ਹੱਕ ਵਿੱਚ' ਅਤੇ 'ਵਿਰੋਧ ਵਿੱਚ' ਵਿਚਾਰਾਂ ਰੱਖਣ ਵਾਲੇ ਮੁਖੀਆਂ ਦੀ ਟੈਲੀਵਿਜ਼ਨ ਤੇ ਪਾਰਦਰਸ਼ਕ ਬਹਿਸ (Open Debate) ਕਰਵਾਈ ਜਾਵੇ ਤਾਂ ਜੋ ਸਿੱਖ ਜਨ ਸਮੂੰਹ ਨੂੰ ਦੋਹਾਂ ਪੱਖਾਂ ਨੂੰ ਜਾਨਣ ਦਾ ਮੌਕਾ ਮਿਲ ਸਕੇ । ਅਜਿਹਾ ਨਾ ਕਰਨ ਤੇ ਭਵਿੱਖ ਵਿੱਚ ਕੌਮੀ ਏਕਤਾ ਨੂੰ ਵੱਡੀ ਸੱਟ ਵੱਜਣ ਦੀ ਸੰਭਾਵਨਾ ਬਣੀ ਰਹੇਗੀ ।

(ਬਰਿੰਦਰਾ ਕੌਰ)
ਪ੍ਰਧਾਨ